BRAMPTON

Media Release

ਤੁਰੰਤ ਰਿਲੀਜ ਲਈ

# ਫੈਲਾਅ ਨੂੰ ਰੋਕੋ

## *ਸਿਟੀ ਆਫ ਬ੍ਰੈਂਪਟਨ ਨੇ, ਕੋਵਿਡ-19 ਦੇ ਵਿਰੁੱਧ ਲੜਾਈ ਵਿੱਚ ਵਿਵਹਾਰ ਸਬੰਧੀ ਤਬਦੀਲੀਆਂ ਵਾਸਤੇ ਪ੍ਰੇਰਿਤ ਕਰਨ ਲਈ ਪ੍ਰਭਾਵਸ਼ਾਲੀ ਸ਼ੌਰਟ ਫਿਲਮ ਰਿਲੀਜ ਕੀਤੀ*

ਬ੍ਰੈਂਪਟਨ, ਓਨਟੈਰੀਓ (17 ਦਸੰਬਰ, 2020) – ਸਿਟੀ ਆਫ ਬ੍ਰੈਂਪਟਨ ਨੇ ਆਪਣੀ ਤਿੰਨ-ਮਿੰਟਾਂ ਦੀ ਸ਼ੌਰਟ ਫਿਲਮ, *ਦ ਸਪ੍ਰੈਡ (The Spread)* ਵਿੱਚ ਪ੍ਰਭਾਵਸ਼ਾਲੀ ਸੁਨੇਹਾ ਦਿੱਤਾ ਹੈ, ਜਿਸਦਾ ਉਦੇਸ਼ ਇਹ ਦਿਖਾ ਕੇ ਦਰਸ਼ਕਾਂ ਵਿੱਚ ਭਾਵਨਾਤਮਕ ਪ੍ਰਤੀਕਿਰਿਆ ਸੰਚਾਲਿਤ ਕਰਨਾ ਹੈ ਕਿ ਕਿਵੇਂ ਛੋਟੇ ਅਤੇ ਮਾਸੂਮ ਦਿਖਣ ਵਾਲੇ ਐਕਸ਼ਨ, ਉਹਨਾਂ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਕਿੰਨਾ ਜ਼ਿਆਦਾ ਪ੍ਰਭਾਵਿਤ ਕਰ ਸਕਦੇ ਹਨ। ਭਾਵਨਾਤਮਕ ਸਬੰਧ, ਵਿਵਹਾਰ ਸਬੰਧੀ ਤਬਦੀਲੀ ਵਾਸਤੇ ਪ੍ਰੇਰਿਤ ਕਰਨ ਲਈ ਮਹੱਤਵਪੂਰਣ ਹੈ। ਸਾਰੇ ਨਿਵਾਸੀਆਂ ਨੂੰ ਇਹ ਯਤਨ ਕਰਨ ਦੀ ਲੋੜ ਹੋਵੇਗੀ ਕਿ ਉਹ, ਖੁਦ ਨੂੰ, ਆਪਣੇ ਪਿਆਰਿਆਂ ਨੂੰ ਅਤੇ ਭਾਈਚਾਰੇ ਨੂੰ ਕੋਵਿਡ-19 (COVID-19) ਦੇ ਜਾਰੀ ਖਤਰੇ ਤੋਂ ਸੁਰੱਖਿਅਤ ਰੱਖਣ ਲਈ, ਆਪਣੀਆਂ ਰੋਜ਼ਾਨਾ ਦੀਆਂ ਚੋਣਾਂ ਵਿੱਚ ਸਾਵਧਾਨ ਰਹਿਣ।

### ਦ ਸਪ੍ਰੈਡ

*ਦ ਸਪ੍ਰੈਡ* ਵਿੱਚ, ਬ੍ਰੈਂਪਟਨ ਦੀ ਇੱਕ ਮੁਟਿਆਰ ਐਨਾ (Ana) ਦੀ ਕਹਾਣੀ ਪੇਸ਼ ਕੀਤੀ ਗਈ ਹੈ, ਜਿਸਨੂੰ ਲੱਗਦਾ ਹੈ ਕਿ ਉਹ ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ, ਕੋਵਿਡ-19 ਤੋਂ ਸੁਰੱਖਿਅਤ ਰੱਖਣ ਲਈ ਸਭ ਕੁਝ ਠੀਕ ਕਰ ਰਹੀ ਹੈ। ਹਾਲਾਂਕਿ ਐਨਾ ਨੇ ਹੁਣ ਤੱਕ ਆਪਣੇ ਰੋਜ਼ਾਨਾ ਦੇ ਸੰਪਰਕਾਂ ਨੂੰ ਟ੍ਰੈਕ ਕੀਤਾ ਅਤੇ ਲੋਕਾਂ ਨਾਲ ਮਿਲਣਾ-ਜੁਲਣਾ ਸੀਮਿਤ ਰੱਖਿਆ, ਪਰੰਤੂ ਉਸਦਾ ਬਵਾਇਫ੍ਰੈਂਡ ਜੋਰਡਨ (Jordan) ਆਪਣੇ ਦੋਸਤਾਂ ਨਾਲ ਪਾਰਟੀ ਵਿੱਚ ਚਲਾ ਜਾਂਦਾ ਹੈ। ਜਿਸ ਨਾਲ ਉਹ ਖੁਦ ਨੂੰ, ਐਨਾ ਨੂੰ ਅਤੇ ਆਪਣੇ ਪੂਰੇ ਪਰਿਵਾਰ ਨੂੰ ਜੋਖਮ ਵਿੱਚ ਪਾ ਦਿੰਦਾ ਹੈ। ਦ ਸਪ੍ਰੈਡ, ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਉਹ ਸਿਹਤ ਅਤੇ ਸੁਰੱਖਿਆ ਸਬੰਧੀ ਪ੍ਰੋਟੋਕੋਲਾਂ ਦੇ ਮਹੱਤਵ ਨੂੰ ਸਮਝਣਾ ਜਾਰੀ ਰੱਖਣ – ਅਤੇ ਇਹ ਕਿ ਲਾਪਰਵਾਹੀ  ਕਰਨ ਨਾਲ ਵੱਡੇ ਨਤੀਜੇ ਭੁਗਤਨੇ ਪੈ ਸਕਦੇ ਹਨ।

### ਸਿਹਤ ਅਤੇ ਸੁਰੱਖਿਆ ਸਬੰਧੀ ਰਿਮਾਈਂਡਰ

ਸੂਬੇ ਦੇ ਗ੍ਰੇ-ਲੌਕਡਾਊਨ ਲੈਵਲ (Grey-Lockdown Level) ਹੇਠਲੇ ਸ਼ਹਿਰਾਂ ਵਿੱਚੋਂ ਇੱਕ ਵਜੋਂ, ਇਹ ਪਹਿਲਾਂ ਤੋਂ ਕਿਤੇ ਵੱਧ ਮਹੱਤਵਪੂਰਣ ਹੈ ਕਿ ਬ੍ਰੈਂਪਟਨ ਵਾਸੀ ਆਪਣੇ ਮਾਸਕ ਪਹਿਨਣ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਕਰਨ ਅਤੇ ਸਿਰਫ਼ ਆਪਣੇ ਸਕੇ ਪਰਿਵਾਰਕ ਮੈਂਬਰਾਂ ਅਤੇ ਜ਼ਰੂਰੀ ਸਹਾਇਕਾਂ ਨਾਲ ਹੀ ਇਕੱਠੇ ਹੋਣ।

ਕੋਵਿਡ-19 ਫੈਲਣ ਦੇ ਜੋਖਮ ਨੂੰ ਘਟਾਓ। ਖੁਦ ਨੂੰ ਸੁਰੱਖਿਅਤ ਰੱਖੋ। ਆਪਣੇ ਪਿਆਰਿਆਂ ਨੂੰ ਸੁਰੱਖਿਅਤ ਰੱਖੋ। ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੱਖੋ।

### ਲਿੰਕ

- *ਦ ਸਪ੍ਰੈਡ (The Spread)* ਦੇਖੋ
- ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਸਿਟੀ ਆਫ ਬ੍ਰੈਂਪਟਨ ਦੇ ਯਤਨ (The City of Brampton's response to COVID-19)
- ਪੀਲ ਵਿੱਚ ਕੋਵਿਡ-19 ਦੇ ਕੇਸ (Cases of COVID-19 in Peel)
- ਸੂਬੇ ਦੇ ਗ੍ਰੇ-ਲੌਕਡਾਊਨ ਲੈਵਲ ਹੇਠ, ਪੀਲ ਰੀਜਨ ਵਿੱਚ ਸਿਹਤ ਅਤੇ ਸੁਰੱਖਿਆ ਉਪਾਅ (Health and safety measures in Peel Region under the Province's Grey-Lockdown Level)

# Media Release

**ਹਵਾਲੇ**

"ਛੁੱਟੀਆਂ ਆਉਣ ਵਾਲੀਆਂ ਹਨ, ਮੈਂ ਬ੍ਰੈਂਪਟਨ ਦੇ ਨਿਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ, ਆਪਣੇ ਪਿਆਰਿਆਂ ਦੀ ਅਤੇ ਸਾਡੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਸਭ ਤੋਂ ਉੱਤੇ ਰੱਖਣ ਅਤੇ *ਦ ਸਪ੍ਰੈਡ* ਦੇ ਸੁਨੇਹੇ ਤੇ ਧਿਆਨ ਦੇਣ। ਸਾਡੇ ਐਕਸ਼ਨ ਮਹੱਤਵਪੂਰਣ ਹਨ। ਕੋਵਿਡ-19, ਸਾਡੇ ਭਾਈਚਾਰੇ ਵਿੱਚ ਬਹੁਤ ਜ਼ਿਆਦਾ ਜੋਖਮ ਭਰਿਆ ਖਤਰਾ ਬਣਿਆ ਹੋਇਆ ਹੈ ਅਤੇ ਬ੍ਰੈਂਪਟਨ ਨੂੰ ਸੁਰੱਖਿਅਤ ਰੱਖਣ ਵਿੱਚ ਸਾਨੂੰ ਸਾਰਿਆਂ ਨੂੰ ਇਕੱਠੇ ਮਿਲ ਕੇ ਕੰਮ ਕਰਨ ਦੀ ਲੋੜ ਹੋਵੇਗੀ। ਕਿਰਪਾ ਕਰਕੇ ਆਪਣੇ ਮਾਸਕ ਪਹਿਨਣਾ ਅਤੇ ਸਰੀਰਕ ਦੂਰੀ ਰੱਖਣਾ ਜਾਰੀ ਰੱਖੋ ਅਤੇ ਆਪਣੇ ਸਕੇ ਪਰਿਵਾਰਕ ਮੈਂਬਰਾਂ ਦੇ ਇਲਾਵਾ ਕਿਸੇ ਹੋਰ ਨਾਲ ਇਕੱਠੇ ਨਾ ਹੋਵੋ। ਇਕੱਠੇ ਮਿਲ ਕੇ, ਅਸੀਂ ਕੋਵਿਡ-19 ਨੂੰ ਫੈਲਣ ਤੋਂ ਰੋਕ ਸਕਦੇ ਹਾਂ।"

– *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਕੋਵਿਡ-19 ਦਾ ਸਾਡੇ ਭਾਈਚਾਰੇ ਵਿੱਚ ਫੈਲਣਾ ਜਾਰੀ ਹੈ। ਇਹ ਸਾਡੇ ਨਿਵਾਸੀਆਂ ਅਤੇ ਕਾਰੋਬਾਰਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰ ਰਿਹਾ ਹੈ। ਇਸ ਮੁਸ਼ਕਲ ਸਮੇਂ ਦੇ ਦੌਰਾਨ ਸਿਟੀ, ਬ੍ਰੈਂਪਟਨ ਦੀ ਬਹਾਲੀ ਵਿੱਚ ਇਸਦੀ ਮਦਦ ਕਰਨ ਲਈ ਵਚਨਬੱਧ ਹੈ, ਪਰੰਤੂ ਸਾਰੇ ਨਿਵਾਸੀਆਂ ਲਈ ਲਾਜ਼ਮੀ ਹੈ ਕਿ ਉਹ ਆਪਣੇ ਐਕਸ਼ਨਾਂ ਤੇ ਵਿਚਾਰ ਕਰਨ ਅਤੇ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ, ਸਿਹਤ ਅਤੇ ਸੁਰੱਖਿਆ ਪ੍ਰੋਟੋਕੋਲਾਂ ਦੀ ਪਾਲਣਾ ਕਰਨ। ਭਾਈਚਾਰੇ ਵਜੋਂ ਕੰਮ ਕਰਦੇ ਹੋਏ, ਅਸੀਂ ਇਸਨੂੰ ਫੈਲਣ ਤੋਂ ਰੋਕਾਂਗੇ।"

– *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca